ਇਹ ਕਾਨੂੰਨ, ਆਰਡੀਨੈਂਸ ਅਧੀਨ ਆਉਣ ਵਾਲੇ ਸਵੈ-ਰੁਜ਼ਗਾਰ ਪ੍ਰਾਪਤ ਸੁਤੰਤਰ ਠੇਕੇਦਾਰਾਂ ਦੀ ਰੱਖਿਆ ਕਰਦਾ ਹੈ, ਭਾਵੇਂ ਉਹ ਪ੍ਰਵਾਸੀ ਵੀ ਹੋਣ।

ਇਸ ਕਨੂੰਨ ਅਧੀਨ ਆਉਣ ਵਾਲੀਆਂ ਵਪਾਰਕ ਭਰਤੀ ਕਰਨ ਵਾਲੀਆਂ ਸੰਸਥਾਵਾਂ ਲਈ ਇਸ ਕਾਨੂੰਨ ਦੀ ਪਾਲਣਾ ਕਰਨਾ ਲਾਜ਼ਮੀ ਹੈ। ਜਵਾਬੀ-ਕਾਰਵਾਈ ਗੈਰ-ਕਾਨੂੰਨੀ ਹੈ। 1 ਸਤੰਬਰ, 2022 ਤੋਂ ਲਾਗੂ ਹੋਵੇਗਾ।

## ਅਧਿਕਾਰਾਂ ਦਾ ਨੋਟਿਸ

# ਇੰਡੀਪੈਨਡੈਂਟ ਕਾਨਟ੍ਰੈਕਟਰ ਪ੍ਰੋਟੈਕਸ਼ਨ ਆਰਡੀਨੈਂਸ (Independent Contractor Protections Ordinance)

## ਸੁਤੰਤਰ ਠੇਕੇਦਾਰਾਂ ਕੋਲ ਇਹ ਅਧਿਕਾਰ ਹੈ:

- ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕੰਮ ਦੇ ਪ੍ਰਸਤਾਵਿਤ ਨਿਯਮਾਂ ਅਤੇ ਸ਼ਰਤਾਂ ਦਾ ਅਤੇ ਭੁਗਤਾਨ ਦੇ ਨਿਯਮਾਂ ਅਤੇ ਸ਼ਰਤਾਂ ਦੀ ਇੱਕ ਲਿਖਤੀ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ।
- ਕੰਮ ਤੋਂ ਪਹਿਲਾਂ ਮਿਲਣ ਵਾਲੇ ਲਿਖਤੀ ਨੋਟਿਸ ਜਾਂ ਸਮਝੌਤੇ ਦੇ ਵਿੱਚ ਦਿੱਤੇ ਨਿਯਮਾਂ ਅਤੇ ਸ਼ਰਤਾਂ ਦੇ ਅਨੁਸਾਰ ਸਮੇਂ ਸਿਰ ਭੁਗਤਾਨ ਪ੍ਰਾਪਤ ਕਰਨ ਦਾ ਅਧਿਕਾਰ।
- ਜੇ ਸਮਝੌਤੇ ਵਿੱਚ ਦਰਸਾਇਆ ਨਹੀਂ ਗਿਆ ਹੈ, ਤਾਂ ਸਮਝੌਤੇ ਵਿੱਚ ਦਿੱਤੀਆਂ ਸੇਵਾਵਾਂ ਦੇ ਪੂਰਾ ਹੋਣ ਤੋਂ ਬਾਅਦ 30 ਦਿਨਾਂ ਦੇ ਅੰਦਰ ਭੁਗਤਾਨ ਪ੍ਰਾਪਤ ਕਰਨ ਦਾ ਅਧਿਕਾਰ।
- ਹਰ ਵਾਰ ਭੁਗਤਾਨ ਕੀਤੇ ਜਾਣ 'ਤੇ ਇੱਕ ਲਿਖਤੀ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ ਜਿਸ ਵਿੱਚ ਵੱਖ-ਵੱਖ ਆਈਟਮਾਂ ਦੇ ਭੁਗਤਾਨ ਸੰਬੰਧੀ ਵਿਸ਼ੇਸ਼ ਜਾਣਕਾਰੀ ਹੁੰਦੀ ਹੈ।

## ਇਸ ਅਧੀਨ ਕੌਣ ਆਉਂਦਾ ਹੈ?

**ਸਵੈ-ਰੁਜ਼ਗਾਰ ਪ੍ਰਾਪਤ ਸੁਤੰਤਰ ਠੇਕੇਦਾਰ:**

1. ਜਿਨ੍ਹਾਂ ਕੋਲ ਕੋਈ ਕਰਮਚਾਰੀ ਨਹੀਂ ਹਨ,
2. ਜੋ ਸਿਆਟਲ ਵਿੱਚ ਇੱਕ ਵਪਾਰਕ ਭਰਤੀ ਕਰਨ ਵਾਲੀ ਸੰਸਥਾ ਲਈ ਆਪਣੇ ਕੰਮ ਦਾ ਕੋਈ ਹਿੱਸਾ ਪੂਰਾ ਕਰਦੇ ਹਨ,

**ਅਤੇ**

3. ਜੋ 1 ਜਨਵਰੀ ਅਤੇ 31 ਦਸੰਬਰ ਦੇ ਵਿਚਕਾਰ, ਇੱਕ ਸਾਲ ਵਿੱਚ ਭਰਤੀ ਕਰਨ ਵਾਲੀ ਸੰਸਥਾ ਤੋਂ ਘੱਟੋ-ਘੱਟ $600 ਪ੍ਰਾਪਤ ਕਰਨਗੇ ਜਾਂ ਪ੍ਰਾਪਤ ਕਰਨ ਦੀ ਮੁਨਾਸਬ ਉਮੀਦ ਰੱਖਣਗੇ।

## ਆਪਣੇ ਕਰਮਚਾਰੀ ਦੇ ਅਧਿਕਾਰਾਂ ਬਾਰੇ ਜਾਣੋ:

- **ਜਵਾਬੀ-ਕਾਰਵਾਈ ਗੈਰ-ਕਾਨੂੰਨੀ ਹੈ:** ਇਹ ਕਨੂੰਨ ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ 'ਤੇ ਜਵਾਬੀ-ਕਾਰਵਾਈ ਤੋਂ ਬਚਾਉਂਦੇ ਹਨ।
- **ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ:** ਜੇ ਭਰਤੀ ਕਰਨ ਵਾਲੀ ਸੰਸਥਾ ਇਹਨਾਂ ਕਨੂੰਨਾਂ ਦੀ ਉਲੰਘਣਾ ਕਰਦੀ ਹੈ, ਤਾਂ ਕਰਮਚਾਰੀਆਂ ਨੂੰ ਆਫਿਸ ਆਫ ਲੇਬਰ ਸਟੈਂਡਰਡਜ਼ (Office of Labor Standards) ਕੋਲ ਸ਼ਿਕਾਇਤ ਜਾਂ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੈ।
- **ਰੁਜ਼ਗਾਰ ਦੇ ਅਧਿਕਾਰ:** ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇੱਕ ਸੁਤੰਤਰ ਠੇਕੇਦਾਰ ਨਹੀਂ ਸਗੋਂ ਇੱਕ ਕਰਮਚਾਰੀ ਹੋ, ਤਾਂ ਆਫਿਸ ਆਫ ਲੇਬਰ ਸਟੈਂਡਰਡਜ਼ ਨਾਲ ਸੰਪਰਕ ਕਰੋ।

  ਇੱਕ ਕਰਮਚਾਰੀ ਦੇ ਤੌਰ 'ਤੇ, ਤੁਹਾਡੇ ਕੋਲ ਭੁਗਤਾਨ-ਸਹਿਤ ਬਿਮਾਰੀ ਦੀ ਛੁੱਟੀ ਲੈਣ, ਘੱਟੋ-ਘੱਟ ਤਨਖ਼ਾਹ, ਓਵਰਟਾਈਮ, ਅਤੇ ਭੋਜਨ ਲਈ ਭੁਗਤਾਨ ਅਤੇ ਆਰਾਮ ਕਰਨ ਲਈ ਛੁੱਟੀਆਂ ਲੈਣ ਦੇ ਅਧਿਕਾਰ ਹੋ ਸਕਦੇ ਹਨ। ਹੋਰ ਸਵਾਲਾਂ ਦੇ ਨਾਲ OLS ਨਾਲ ਸੰਪਰਕ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਕਰਮਚਾਰੀ ਵਰਗੀਕਰਨ ਗਾਈਡ (Worker Classification Guide) ਦੀ ਸਮੀਖਿਆ ਕਰੋ।

  ਇੰਡੀਪੈਨਡੈਂਟ ਕਾਨਟ੍ਰੈਕਟਰ ਪ੍ਰੋਟੈਕਸ਼ਨ ਆਰਡੀਨੈਂਸ ਦੇ ਅਧੀਨ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਨਾਲ ਇੱਕ ਕਰਮਚਾਰੀ ਦੇ ਤੌਰ 'ਤੇ ਤੁਹਾਡੇ ਅਧਿਕਾਰ ਪ੍ਰਭਾਵਿਤ ਨਹੀਂ ਹੋਣਗੇ।

## ਹੋਰ

- ਭਰਤੀ ਕਰਨ ਵਾਲੀਆਂ ਸੰਸਥਾਵਾਂ ਨੂੰ ਇਹ ਨੋਟਿਸ ਸੁਤੰਤਰ ਠੇਕੇਦਾਰਾਂ ਨੂੰ ਅੰਗਰੇਜ਼ੀ ਵਿੱਚ ਅਤੇ ਕਰਮਚਾਰੀ ਦੀ ਮੁੱਖ ਭਾਸ਼ਾ ਵਿੱਚ ਪ੍ਰਿੰਟ ਕੀਤੀ ਕਾਪੀ ਜਾਂ ਇਲੈਕਟ੍ਰਾਨਿਕ ਫਾਰਮੈਟ ਦੇ ਰੂਪ ਵਿੱਚ ਪ੍ਰਦਾਨ ਕਰਨਾ ਚਾਹੀਦਾ ਹੈ ਜੋ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪੜ੍ਹਿਆ ਜਾ ਸਕਦਾ ਹੈ।
- ਆਫਿਸ ਆਫ ਲੇਬਰ ਸਟੈਂਡਰਡਜ਼, ਸਰੀਰਕ ਅਯੋਗਤਾਵਾਂ ਵਾਲੇ ਲੋਕਾਂ ਨੂੰ ਅਨੁਵਾਦਕ, ਦੋ-ਭਾਸ਼ੀਏ ਅਤੇ ਰਿਹਾਈਸ਼ੀ ਪ੍ਰਬੰਧ ਉਪਲਬਧ ਕਰਵਾਉਂਦਾ ਹੈ।

**ਪੂਰੇ ਆਰਡੀਨੈਂਸ ਨੂੰ ਪੜ੍ਹਨ ਲਈ ਅਤੇ ਹੋਰ ਜਾਣਕਾਰੀ ਲਈ ਇਸ ਨੂੰ ਸਕੈਨ ਕਰੋ:**

10/22

## ਸਿਆਟਲ ਆਫਿਸ ਆਫ ਲੇਬਰ ਸਟੈਂਡਰਡਜ਼ ਨਾਲ ਸੰਪਰਕ ਕਰੋ

**ਸੁਤੰਤਰ ਠੇਕੇਦਾਰ:** ਆਫਿਸ ਆਫ ਲੇਬਰ ਸਟੈਂਡਰਡਜ਼ ਕੋਲ ਸ਼ਿਕਾਇਤ ਦਰਜ ਕਰੋ ਜਾਂ ਅਦਾਲਤ ਵਿੱਚ ਮੁਕੱਦਮਾ ਦਾਇਰ ਕਰੋ।
**ਭਰਤੀ ਕਰਨ ਵਾਲੀ ਸੰਸਥਾ:** ਪਾਲਣਾ ਕਰਨ ਸੰਬੰਧੀ ਸਹਾਇਤਾ ਅਤੇ/ਜਾਂ ਸਿਖਲਾਈ ਪ੍ਰਾਪਤ ਕਰੋ।

**206-256-5297**

Seattle Office of Labor Standards

**seattle.gov/laborstandards**

810 THIRD AVE, SUITE 375 SEATTLE, WA 98104 | ਸਮਾਂ: ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ (ਸੋਮ ਤੋਂ ਸ਼ੁਕਰ) | LABORSTANDARDS@SEATTLE.GOV